**Class : III** **Subject : Punjabi**

## ਲਿੰਗ ਬਦਲੋ :

| | | | |
|---|---|---|---|
| ਮੋਰ – ਮੋਰਨੀ | ਮੁੰਡਾ - ਕੁੜੀ | ਜੇਠ - ਜੇਠਾਣੀ | ਬੱਕਰਾ - ਬੱਕਰੀ |
| ਨੌਕਰ – ਨੌਕਰਾਣੀ | ਪਿਤਾ – ਮਾਤਾ | ਮਹੰਤ – ਮਹੰਤਣੀ | ਵਿਦਿਆਰਥੀ – ਵਿਦਿਆਰਥਣ |
| ਘੋੜਾ – ਘੋੜੀ | ਨਾਨਾ – ਨਾਨੀ | | |

## ਵਚਨ ਬਦਲੋ :

| | | | |
|---|---|---|---|
| ਚਾਬੀ - ਚਾਬੀਆਂ | ਸਹੇਲੀ - ਸਹੇਲੀਆਂ | ਕਵਿਤਾ - ਕਵਿਤਾਵਾਂ | ਕਹਾਣੀ - ਕਹਾਣੀਆਂ |
| ਨਦੀ - ਨਦੀਆਂ | ਘੋੜੀ - ਘੋੜੀਆਂ | ਚਿੜੀ - ਚਿੜੀਆਂ | ਝਾੜੀ - ਝਾੜੀਆਂ |
| ਵੱਡਾ - ਵੱਡੇ | ਕਮਰਾ - ਕਮਰੇ | | |

## ਵਿਰੋਧੀ ਸ਼ਬਦ :

| | | | |
|---|---|---|---|
| ਸਵੇਰ x ਸ਼ਾਮ | ਅਸਲੀ x ਨਕਲੀ | ਅਰੰਭ x ਅੰਤ | ਸਸਤਾ x ਮਹਿੰਗਾ |
| ਹੌਲੀ x ਤੇਜ਼ | ਨਵੀਂ x ਪੁਰਾਣੀ | ਛੋਟਾ x ਵੱਡਾ | ਘਟੀਆ x ਵਧੀਆ |
| ਚੰਗੀ x ਮਾੜੀ | ਹਾਰ x ਜਿੱਤ | | |

## ਸਮਾਨਾਰਥਕ ਸ਼ਬਦ :

| | | | |
|---|---|---|---|
| ਨੌਕਰ – ਸੇਵਕ | ਉਜਾਲਾ – ਪ੍ਰਕਾਸ਼ | ਅਧਿਆਪਕ – ਗੁਰੂ | ਅਰਥ – ਮਤਲਬ |
| ਅਜ਼ਾਦੀ– ਸੁਤੰਤਰਤਾ | ਸੂਰਬੀਰ – ਬਹਾਦਰ | ਸੋਹਣਾ – ਸੁੰਦਰ | ਭੂਮੀ – ਜ਼ਮੀਨ |
| ਲਾਭ – ਫ਼ਾਇਦਾ | ਤਾਕਤਵਰ – ਸ਼ਕਤੀਸ਼ਾਲੀ | | |

## ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ :

| | | | | | |
|---|---|---|---|---|---|
| ਜਿਹੜਾ ਰੱਬ ਨੂੰ ਨਾ ਮੰਨੇ | – | ਨਾਸਤਕ | ਭੇਡਾਂ ਦਾ ਇੱਕਠ ਜਾਂ ਸਮੂਹ | – | ਇੱਜੜ |
| ਲੋਹੇ ਦੀਆਂ ਵਸਤਾਂ ਬਣਾਉਣ ਵਾਲਾ | – | ਲੁਹਾਰ | ਜੋ ਬਹੁਤੀਆਂ ਗੱਲਾਂ ਕਰੇ | – | ਗਾਲੜੀ |
| ਜਿਸ ਇਸਤਰੀ ਦਾ ਪਤੀ ਮਰ ਗਿਆ ਹੋਵੇ | – | ਵਿਧਵਾ | ਦੁੱਧ ਦੇਣ ਵਾਲਾ ਪਸ਼ੂ | – | ਲਵੇਰਾ |
| ਜਿੱਥੇ ਪਹਿਲਵਾਨਾਂ ਦੇ ਘੋਲ ਹੁੰਦੇ ਹਨ | – | ਅਖਾੜਾ | ਜੋ ਚੀਜ਼ ਕਿਸੇ ਨੂੰ ਦਿਖਾਈ ਨਾ ਦੇਵੇ | – | ਅਦ੍ਰਿਸ਼ |
| ਉਹ ਥਾਂ ਜਿੱਥੇ ਘੋੜੇ ਬੰਨ੍ਹੇ ਜਾਂਦੇ ਹੋਣ | – | ਤਬੇਲਾ | ਚਾਰ ਪੈਰਾਂ ਵਾਲਾ ਜਾਨਵਰ | – | ਚੁਪਾਇਆ |

**ਅਸ਼ੁੱਧ - ਸ਼ੁੱਧ**

ਮੇਹਨਤ - ਮਿਹਨਤ | ਸੰਘਨਾ - ਸੰਘਣਾ | ਗੈਹਣਾ - ਗਹਿਣਾ | ਕਵਿ - ਕਵੀ

ਔਰਤ- ਔਰਤ | ਵੇਹੜਾ - ਵਿਹੜਾ | ਸ਼ੁਭ - ਸ਼ੁੱਭ | ਆਵਾਜ਼ - ਅਵਾਜ਼

ਭਾਮੇਂ - ਭਾਵੇਂ | ਅਭਿਯਾਸ - ਅਭਿਆਸ

## ਵਿਸ਼ੇਸ਼ਣ

**ਪਰਿਭਾਸ਼ਾ:** ਜੋ ਸ਼ਬਦ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ, ਗੁਣ - ਔਗੁਣ, ਗਿਣਤੀ - ਮਿਣਤੀ ਦੱਸ ਕੇ ਉਸ ਨੂੰ ਆਮ ਤੋਂ ਖਾਸ ਬਣਾਉਂਦੇ ਹਨ, ਉਹਨਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ।

ਗੁਣ : ਸੁੰਦਰ, ਹੁਸ਼ਿਆਰ, ਹੋਣਹਾਰ
ਔਗੁਣ : ਕਮਜ਼ੋਰ, ਸ਼ਰਾਰਤੀ, ਬੁਰਾ
ਰੰਗ : ਪੀਲਾ, ਹਰਾ, ਗੋਰਾ
ਅਕਾਰ : ਛੋਟਾ, ਮੋਟਾ, ਵੱਡਾ
ਸਵਾਦ : ਕੌੜਾ, ਮਿੱਠਾ, ਖੱਟਾ
ਸੰਖਿਆ: ਦੂਸਰਾ, ਦੋ, ਚਾਰ
ਮਾਪ : ਇੱਕ ਮੀਟਰ, ਪੰਜ ਮੀਟਰ, ਸੱਤ ਮੀਟਰ
ਤੋਲ : ਇੱਕ ਕਿਲੋ, ਤਿੰਨ ਲੀਟਰ, ਪੰਜ ਕਿਲੋ

**ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਦੇ ਹੇਠਾਂ ਲਾਈਨ ਲਗਾਉ :**

1. ਜਸਕਰਨ ਇੱਕ ਪਤਲਾ ਲੜਕਾ ਹੈ।
2. ਅਮਨ ਸੁੰਦਰ ਲੜਕਾ ਹੈ।
3. ਕਮਲ ਨੇ ਦੋ ਗਮਲੇ ਖਰੀਦੇ।
4. ਹਰਲੀਨ ਬਹੁਤ ਛੋਟੀ ਕੁੜੀ ਹੈ।
5. ਮੇਰੇ ਕੋਲ ਵੱਡੀ ਕਾਰ ਹੈ।
6. ਮਹਿਕ ਕੋਲ ਦੋ ਮੀਟਰ ਕੱਪੜਾ ਹੈ।
7. ਗੁਰਮੀਤ ਹੁਸ਼ਿਆਰ ਬੱਚਾ ਹੈ।
8. ਸੋਨੂੰ ਮੋਟਾ ਹਲਵਾਈ ਹੈ।
9. ਦੋ ਕੁੜੀਆਂ ਖੇਡਦੀਆਂ ਹਨ।
10. ਉਹ ਸ਼ਰਾਰਤੀ ਲੜਕਾ ਹੈ।

**ਖ਼ਾਲੀ ਥਾਵਾਂ ਭਰੋ :**

| ਲਾਲ, ਚਾਰ, ਖੱਟਾ, ਇੱਕ ਮੀਟਰ, ਕਾਲਾ , ਤਿੰਨ, ਨਵੀਂ, ਹਰਾ, ਸੁੰਦਰ, ਨਰਮ |
|---|

1. ਨਿੰਬੂ ਦਾ ਸੁਆਦ __________ ਹੁੰਦਾ ਹੈ।
2. ਕਮਲ ਨੇ __________ ਕੱਪੜਾ ਲਿਆਂਦਾ।
3. ਰੂੰ ਬਹੁਤ __________ ਹੁੰਦੀ ਹੈ।
4. ਤਾਜ ਮਹਿਲ __________ ਹੈ।
5. ਇਹ ਕਮੀਜ਼ __________ ਹੈ।
6. ਉਹ __________ ਭਰਾ ਹਨ।
7. ਤੋਤੇ ਦਾ ਰੰਗ __________ ਹੁੰਦਾ ਹੈ।
8. ਕਾਂ ਦਾ ਰੰਗ __________ ਹੁੰਦਾ ਹੈ।
9. ਇਹ ਸੇਬ ਹੈ।

# ਪਾਠ - 9 : ਪੈਲ ਪਾਉਂਦਾ ਮੋਰ

## ਨਵੇਂ ਸ਼ਬਦ

| | | | | |
|---|---|---|---|---|
| 1. ਬਾਗ਼ | 2. ਵੱਟਾ | 3. ਪੰਛੀ | 4. ਮੋਰ | 5. ਪਿਆਰਾ |
| 6. ਬੱਦਲ | 7. ਨੱਚਣ | 8. ਖੰਭ | 9. ਸੱਪ | 10. ਅਵਾਜ਼ |
| 11. ਖ਼ੁਸ਼ | 12. ਬਿਲਕੁਲ | 13. ਸੈਰ | 14. ਮੋਰਨੀ | 15. ਸਖ਼ਤ |

## ਸ਼ਬਦ - ਅਰਥ

| | | |
|---|---|---|
| 1. ਨਰਾਜ਼ = ਗ਼ੁੱਸੇ | 2. ਸਹੀ = ਠੀਕ | 3. ਕੌਮੀ = ਰਾਸ਼ਟਰੀ |
| 4. ਸਖ਼ਤ = ਕਠੋਰ | 5. ਮਾਦਾ = ਨਰ ਦਾ ਇਸਤਰੀ ਲਿੰਗ | |

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

## ੲ. ਪ੍ਰਸ਼ਨ - ਉੱਤਰ :

ਪ੍ਰ1. ਗਗਨ ਨੂੰ ਕੀ ਕਰਨਾ ਚੰਗਾ ਲੱਗਦਾ ਸੀ?
ਉ. ਗਗਨ ਨੂੰ ਮੋਰਾਂ ਦੇ ਪਿੱਛੇ ਦੌੜਨਾ ਚੰਗਾ ਲੱਗਦਾ ਸੀ।

ਪ੍ਰ2. ਮੋਰ ਨੂੰ ਕੀ ਕਰਨਾ ਮਨ੍ਹਾ ਹੈ?
ਉ. ਮੋਰ ਨੂੰ ਮਾਰਨਾ ਮਨ੍ਹਾ ਹੈ।

ਪ੍ਰ3. ਮੋਰ ਕੀ ਦੇਖ ਕੇ ਬਹੁਤ ਖ਼ੁਸ਼ ਹੁੰਦਾ ਹੈ?
ਉ. ਮੋਰ ਕਾਲ਼ੇ-ਕਾਲ਼ੇ ਬੱਦਲਾਂ ਨੂੰ ਦੇਖ ਕੇ ਬਹੁਤ ਖ਼ੁਸ਼ ਹੁੰਦਾ ਹੈ।

ਪ੍ਰ.4 ਲੋਕ ਮੰਦਰਾਂ-ਗੁਰਦੁਆਰਿਆਂ ਵਿੱਚ ਕੀ ਬਣਾ ਕੇ ਰੱਖਦੇ ਹਨ?
ਉ. ਲੋਕ ਮੰਦਰਾਂ-ਗੁਰਦੁਆਰਿਆਂ ਵਿੱਚ ਮੋਰ ਦੇ ਖੰਭਾਂ ਦੀ ਚੌਰ ਬਣਾ ਕੇ ਰੱਖਦੇ ਹਨ।

## ਪੁਸਤਕ ਅਭਿਆਸ : (ਪੰਨਾ ਨੰ. 55 - 58)

| | | | | |
|---|---|---|---|---|
| ਅ) ਬਹੁ-ਵਿਕਲਪੀ ਪ੍ਰਸ਼ਨ : | 1) ਬਾਗ਼ ਵਿੱਚ | 2) ਵੱਟਾ | 3) ਕੌਮੀ | 4) ਸੱਪ ਨੂੰ |
| ਸ) ਖ਼ਾਲੀ ਥਾਵਾਂ ਭਰੋ: | 1. ਮੋਰਨੀ | 2. ਪੈਲ | 3. ਉਡਾਰੀ | 4. ਰੰਗ-ਬਰੰਗੇ |
| ਹ) ਠੀਕ ਅਤੇ ਗ਼ਲਤ : | 1. √ | 2. × | 3. √ | 4. × |

## ਸ਼ਬਦਾਂ ਨਾਲ ਖੇਡੋ:

ੳ) ਵਾਕਾਂ ਵਿੱਚ ਵਰਤੋ : ਆਪਣੇ ਆਪ ਕਰੋ।

## ਵਿਆਕਰਨ:

| | | | | |
|---|---|---|---|---|
| ਅ) ਵਿਰੋਧੀ ਸ਼ਬਦ : 1) ਕਦੇ-ਕਦੇ | 2) ਅੱਗੇ | 3) ਮਾੜਾ | 4) ਨਰਮ | 5) ਚਿੱਟੇ |
| ੲ) ਅਸ਼ੁੱਧ-ਸ਼ੁੱਧ: 1) ਦੌੜਨਾ | 2) ਵੱਟਾ | 3) ਕੌਮੀ | 4) ਪੰਛੀ | 5) ਨੱਚਣਾ |

## ਤੁਹਾਡੀ ਕਲਮ ਤੋਂ :

ਸ) ਹੇਠਾਂ ਦਿੱਤੇ ਜਾਨਵਰਾਂ ਦੀਆਂ ਤਸਵੀਰਾਂ ਦੇਖੋ ਅਤੇ ਉਹਨਾਂ ਬਾਰੇ ਇੱਕ-ਇੱਕ ਵਾਕ ਲਿਖੋ : ਆਪਣੇ ਆਪ ਲਿਖੋ।

ਹ) ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਵਿੱਚ ਪਾਏ ਜਾਣ ਵਾਲ਼ੇ ਪੰਛੀਆਂ ਦੀਆਂ ਤਸਵੀਰਾਂ ਚਿਪਕਾਉ ਤੇ ਉਹਨਾਂ ਦੇ ਨਾਂ ਲਿਖੋ: ਆਪਣੇ ਆਪ ਕਰੋ।

# ਪਾਠ - 11 : ਪੰਚਵਟੀ

## ਨਵੇਂ ਸ਼ਬਦ

| | | | | |
|---|---|---|---|---|
| 1. ਬਨਵਾਸ | 2. ਜੰਗਲ਼ | 3. ਸਥਾਨ | 4. ਪੰਚਵਟੀ | 5. ਹਰਿਆਲੀ |
| 6. ਨਿਰਮਲ | 7. ਕੁਟੀਆ | 8. ਹਮਲਾ | 9. ਤਿਉਹਾਰ | 10. ਰਾਵਣ |
| 11. ਪਤਨੀ | 12. ਲੰਕਾ | 13. ਖੋਜ | 14. ਰਾਖ਼ | 15. ਘਮਸਾਣ |

## ਸ਼ਬਦ - ਅਰਥ

1. ਦੁੱਖਾਂ ਦੇ ਪਹਾੜ ਟੁੱਟਣੇ = ਮੁਸੀਬਤ ਆਉਣੀ
2. ਘਿਓ ਦੇ ਦੀਵੇ ਬਾਲਣਾ = ਖ਼ੁਸ਼ੀ ਮਨਾਉਣਾ
3. ਖੋਜ = ਤਲਾਸ਼
4. ਰਾਖ਼ = ਸੁਆਹ
5. ਅਜ਼ਾਦ = ਮੁਕਤ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

## ੲ. ਪ੍ਰਸ਼ਨ - ਉੱਤਰ :

**ਪ੍ਰ1. ਸ੍ਰੀ ਰਾਮ ਬਨਵਾਸ ਕੱਟਣ ਕਿਸ-ਕਿਸ ਨਾਲ ਗਏ ਸਨ?**
ਉ. ਸ੍ਰੀ ਰਾਮ ਬਨਵਾਸ ਕੱਟਣ ਭਰਾ ਲਛਮਣ ਅਤੇ ਪਤਨੀ ਸੀਤਾ ਨਾਲ ਗਏ ਸਨ।

**ਪ੍ਰ2. ਪੰਚਵਟੀ ਦਾ ਸਥਾਨ ਕਿਹੋ ਜਿਹਾ ਸੀ?**
ਉ. ਪੰਚਵਟੀ ਦੇ ਚਾਰੇ ਪਾਸੇ ਹਰਿਆਲੀ ਸੀ ।

**ਪ੍ਰ3. 'ਦੁੱਖਾਂ ਦੇ ਪਹਾੜ ਟੁੱਟਣੇ' ਦਾ ਕੀ ਅਰਥ ਹੈ?**
ਉ. ਇਸ ਦਾ ਅਰਥ ਹੈ - ਮੁਸੀਬਤਾਂ ਦਾ ਆਉਣਾ ।

**ਪ੍ਰ.4 ਹਨੂੰਮਾਨ ਜੀ ਨੇ ਲੰਕਾ ਨੂੰ ਕੀ ਨੁਕਸਾਨ ਪਹੁੰਚਾਇਆ ਸੀ?**
ਉ. ਹਨੂੰਮਾਨ ਜੀ ਨੇ ਲੰਕਾ ਨੂੰ ਜਲਾ ਕੇ ਰਾਖ਼ ਕਰ ਦਿੱਤਾ ਸੀ।

## ਪੁਸਤਕ ਅਭਿਆਸ : (ਪੰਨਾ ਨੰ. 67 - 70)

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਚੌਦਾਂ 2) ਨਿਰਮਲ 3) ਤੇਰਾਂ ਸਾਲ 4) ਲੰਕਾ ਦਾ 5) ਅਯੁੱਧਿਆ

**ਸ) ਖ਼ਾਲੀ ਥਾਵਾਂ ਭਰੋ:** 1. ਹਰਿਆਲੀ 2. ਹੱਸਦੇ-ਹੱਸਦੇ 3. ਧੋਖੇ 4. ਘਿਓ

### ਸ਼ਬਦਾਂ ਨਾਲ ਖੇਡੋ:

**ੳ) ਵਾਕਾਂ ਵਿੱਚ ਵਰਤੋ :** ਆਪਣੇ ਆਪ ਕਰੋ।

### ਵਿਆਕਰਨ:

**ਅ) ਲਿੰਗ ਬਦਲੀ ਕਰੋ :** 1) ਉਹ ਮੇਰੀ ਭੈਣ ਹੈ। 2) ਮੇਰੀ ਮਾਮੀ ਆਈ। 3) ਬੱਚੀ ਰੋ ਰਹੀ ਹੈ।
4) ਕੁੜੀਆਂ ਗਾ ਰਹੀਆਂ ਹਨ। 5) ਹਿਰਨੀ ਤੇਜ਼ ਦੌੜੀ।

**ੲ) ਸ਼ੁੱਧ-ਅਸ਼ੁੱਧ:** 1) ਲਛਮਣ 2) ਚੌਦਾਂ 3) ਹਰਿਆਲੀ 4) ਦੁੱਖ 5) ਰਾਵਣ

### ਤੁਹਾਡੀ ਕਲਮ ਤੋਂ :

**ਸ) ਸਾਹਮਣੇ ਦਿੱਤੀ ਤਸਵੀਰ ਵੇਖ ਕੇ ਉਸ ਬਾਰੇ ਕੁਝ ਵਾਕ ਲਿਖੋ :** ਆਪਣੇ ਆਪ ਲਿਖੋ।

**ਹ) ਆਰਟ ਵਿਧੀ ਰਾਹੀ ਭਾਸ਼ਾ ਵਿਸਥਾਰ :** ਆਪਣੇ ਆਪ ਕਰੋ।

## ਪਾਠ – 12 : ਸਰਕਸ

### ਨਵੇਂ ਸ਼ਬਦ

| | | | | |
|---|---|---|---|---|
| 1. ਸ਼ਹਿਰ | 2. ਪਿੰਜਰੇ | 3. ਸਾਈਕਲ | 4. ਟਿਕਟਾਂ | 5. ਕਤਾਰਾਂ |
| 6. ਹੈਰਾਨ | 7. ਰੋਸ਼ਨੀ | 8. ਪੀਂਘਾਂ | 9. ਪੰਡਾਲ | 10. ਚੱਕਰ |
| 11. ਤੰਬੂ | 12. ਵਿਸ਼ਾਲ | 13. ਜੋਕਰ | 14. ਤਾੜੀਆਂ | 15. ਮਨੋਰੰਜਨ |

### ਸ਼ਬਦ – ਅਰਥ

1. ਤੰਬੂ = ਸ਼ਾਮਿਆਨਾ
2. ਮਨ ਮੋਹ ਲੈਣਾ = ਮਨ ਖ਼ੁਸ਼ ਕਰ ਦੇਣਾ
3. ਹਸਾ-ਹਸਾ ਕੇ ਵੱਖੀਆ ਤੁੜਾਉਣੀਆਂ = ਬਹੁਤ ਹਸਾਉਣਾ
4. ਵਿਸ਼ਾਲ = ਬਹੁਤ ਵੱਡਾ
5. ਮਨੋਰੰਜਨ ਕਰਨਾ = ਮਜ਼ਾ ਦੇਣਾ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

### ੲ. ਪ੍ਰਸ਼ਨ – ਉੱਤਰ :

**ਪ੍ਰ1. ਸ਼ਹਿਰ ਵਿੱਚ ਕਿਹੜੀ ਸਰਕਸ ਲੱਗੀ ਸੀ?**
ਉ. ਸ਼ਹਿਰ ਵਿੱਚ ਅਪੋਲੋ ਸਰਕਸ ਲੱਗੀ ਸੀ।

**ਪ੍ਰ2. ਬੱਚੇ ਪੰਡਾਲ ਦੇ ਅੰਦਰ ਕਿਵੇਂ ਦਾਖ਼ਲ ਹੋਏ?**
ਉ. ਬੱਚੇ ਪੰਡਾਲ ਦੇ ਅੰਦਰ ਟਿਕਟਾਂ ਵਿਖਾ ਕੇ ਦਾਖਲ ਹੋਏ।

**ਪ੍ਰ3. ਕਲਾਕਾਰ ਕੀ ਕਰ ਕੇ ਜਾਲ਼ ‘ਤੇ ਛਾਲ਼ਾਂ ਮਾਰ ਰਹੇ ਸਨ?**
ਉ. ਕਲਾਕਾਰ ਉੱਚੀਆਂ- ਉੱਚੀਆਂ ਪੀਂਘਾਂ ਚੜ੍ਹਾ ਕੇ ਜਾਲ਼ ’ਤੇ ਛਾਲਾਂ ਮਾਰ ਰਹੇ ਸਨ ।

**ਪ੍ਰ.4 ਸ਼ੇਰ ਕਿਸ ਦੇ ਹੁਕਮ ਅਨੁਸਾਰ ਚੱਲ ਰਹੇ ਸਨ?**
ਉ. ਸ਼ੇਰ ਰਿੰਗ ਮਾਸਟਰ ਦੇ ਹੁਕਮ ਅਨੁਸਾਰ ਚੱਲ ਰਹੇ ਸਨ।

### ਪੁਸਤਕ ਅਭਿਆਸ : (ਪੰਨਾ ਨੰ. 73 – 76)

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਬੱਸ ਰਾਹੀਂ 2) ਚਿੱਟੀ 3) ਜੋਕਰਾਂ ਨੇ 4) ਪਿੰਜਰੇ ਵਿੱਚ 5) ਫ਼ੁਟਬਾਲ

**ਸ) ਖ਼ਾਲੀ ਥਾਵਾਂ ਭਰੋ:** 1. ਦ੍ਰਿਸ਼ 2. ਟਿਕਟਾਂ 3. ਰੰਗ-ਬਰੰਗੇ 4. ਰਿੱਛ

**ਹ) ਠੀਕ ਅਤੇ ਗ਼ਲਤ :** 1. × 2. √ 3. √ 4. √ 5. ×

### ਸ਼ਬਦਾਂ ਨਾਲ ਖੇਡੋ:

**ੳ)** ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਜਿਹੜਾ ਸ਼ਬਦ ਮੇਲ ਨਾ ਖਾਵੇ ਉਸ ਤੇ ਗੋਲਾ ਲਗਾਉ:
1) ਕੋਇਲ 2) ਹਿਰਨ 3) ਜੋਕਰ 4) ਰੇਲ-ਗੱਡੀ

### ਵਿਆਕਰਨ:

**ਅ) ਵਿਰੋਧੀ ਸ਼ਬਦ :** 1) ਪਿੰਡ 2) ਰਾਤ 3) ਦੁਖੀ 4) ਵਿਦਿਆਰਥੀ 5) ਬਾਹਰ

**ੲ) ਵਚਨ ਬਦਲੀ ਕਰੋ:** 1) ਬੱਸਾਂ ਖੜੀਆਂ ਹਨ। 2) ਜੋਕਰਾਂ ਨੇ ਹਸਾਇਆਂ। 3) ਸਾਡੀਆਂ ਵੱਖੀਆਂ ਟੁੱਟ ਗਈਆਂ। 4) ਬਾਂਦਰ ਛਾਲਾਂ ਮਾਰ ਰਹੇ ਹਨ। 5) ਸਾਈਕਲ ਚੱਲ ਰਹੇ ਹਨ।

### ਤੁਹਾਡੀ ਕਲਮ ਤੋਂ :

**ਸ) ਸਰਕਸ ਦੇਖਣ ਵੇਲ਼ੇ ਕੁਝ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਉਹਨਾਂ ਬਾਰੇ ਲਿਖੋ :** ਆਪਣੇ ਆਪ ਲਿਖੋ।
**ਹ) ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ:** ਆਪਣੇ ਆਪ ਕਰੋ ।

# ਪਾਠ - 14 : ਮਾਂ-ਬੋਲੀ

## ਨਵੇਂ ਸ਼ਬਦ

| | | | | |
|---|---|---|---|---|
| 1. ਮਹੀਨਾ | 2. ਸੜਕਾਂ | 3. ਪਰਿਵਾਰ | 4. ਸਫ਼ਾਈ | 5. ਪੰਜਾਬ |
| 6. ਅੰਗਰੇਜ਼ੀ | 7. ਸੈਰ | 8. ਪਿਆਰ | 9. ਨਮਸਤੇ | 10. ਸਮੁੰਦਰ |
| 11. ਬਜ਼ਾਰ | 12. ਦੋਸਤਾਂ | 13 ਸਕੂਲ | 14. ਵਿਦੇਸ਼ | 15. ਬੋਲੀ |

## ਸ਼ਬਦ - ਅਰਥ

| | | |
|---|---|---|
| 1. ਦੰਗ = ਹੈਰਾਨ | 2. ਵਿਦੇਸ਼ = ਦੂਜੇ ਦੇਸ਼ | 3. ਪਰਿਵਾਰ = ਟੱਬਰ |
| 4. ਬੋਲੀ = ਭਾਸ਼ਾ | 5. ਸਤਿਕਾਰ = ਇੱਜ਼ਤ | |

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

## ੲ. ਪ੍ਰਸ਼ਨ - ਉੱਤਰ :

**ਪ੍ਰ1. ਲੇਖਕ ਆਸਟ੍ਰੇਲੀਆ ਦੀ ਕਿਹੜੀ-ਕਿਹੜੀ ਚੀਜ਼ ਦੇਖ ਕੇ ਦੰਗ ਰਹਿ ਗਿਆ?**
ਉ. ਲੇਖਕ ਆਸਟ੍ਰੇਲੀਆ ਦੇ ਸੁਹਣੇ-ਸੁਹਣੇ ਘਰ, ਬਜ਼ਾਰ, ਖੁੱਲ੍ਹੀਆਂ ਸੜਕਾਂ ਤੇ ਸਕੂਲ ਦੇਖ ਕੇ ਦੰਗ ਰਹਿ ਗਿਆ।

**ਪ੍ਰ2. ਲੇਖਕ ਨੂੰ ਸੈਰ ਕਰਨ ਗਏ ਨੂੰ ਕੌਣ ਮਿਲਿਆ?**
ਉ. ਲੇਖਕ ਨੂੰ ਪੰਜਾਬੀ ਬੱਚੇ ਸਕੂਲ ਨੂੰ ਜਾਂਦੇ ਮਿਲੇ।

**ਪ੍ਰ3. ਘਰ ਵਿੱਚ ਬੱਚਿਆਂ ਨੇ ਕੀ ਕਹਿ ਕੇ ਲੇਖਕ ਨੂੰ ਬੁਲਾਇਆ?**
ਉ. ਘਰ ਵਿੱਚ ਬੱਚਿਆਂ ਨੇ ਲੇਖਕ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ।

**ਪ੍ਰ.4 ਪੰਜਾਬ ਦੇ ਬੱਚੇ ਮਾਂ-ਬੋਲੀ ਨੂੰ ਛੱਡ ਕੇ ਕਿਸ ਨੂੰ ਪਿਆਰ ਕਰ ਰਹੇ ਹਨ?**
ਉ. ਪੰਜਾਬ ਦੇ ਬੱਚੇ ਮਾਂ-ਬੋਲੀ ਨੂੰ ਛੱਡ ਕੇ ਦੂਜੀਆਂ ਭਾਸ਼ਾਵਾਂ ਨੂੰ ਪਿਆਰ ਕਰ ਰਹੇ ਹਨ।

## ਪੁਸਤਕ ਅਭਿਆਸ : (ਪੰਨਾ ਨੰ. 85 - 88)

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਆਸਟ੍ਰੇਲੀਆ 2) ਸਫ਼ਾਈ 3) ਸਤਿ ਸ੍ਰੀ ਅਕਾਲ 4) ਮਾਂ ਬੋਲੀ ਨਾਲ਼

**ਸ) ਖ਼ਾਲੀ ਥਾਵਾਂ ਭਰੋ:** 1. ਸਕੂਲ 2. ਪੰਜਾਬੀ 3. ਅੰਗਰੇਜ਼ੀ 4. ਮਾਂ-ਬੋਲੀ

**ਹ) ਕਿਸ ਨੇ ਕਿਸ ਨੂੰ ਕਹੇ** 1. ਮੰਮੀ ਨੇ, ਅੰਕਲ ਨੂੰ 2. ਅੰਕਲ ਨੇ, ਮੰਮੀ ਨੂੰ

## ਸ਼ਬਦਾਂ ਨਾਲ ਖੇਡੋ:

**ੳ) ਸਹੀ ਅਰਥ ਨਾਲ ਮਿਲਾਓ। :** 1. ਦੰਗ 2. ਟੱਬਰ 3. ਪ੍ਰੇਮ 4. ਆਦਰ 5. ਭੁੱਲਣਾ

## ਵਿਆਕਰਨ:

**ਅ) ਲਿੰਗ ਬਦਲੀ ਕਰੋ :** 1) ਲੜਕੀ ਸਕੂਲ ਜਾਂਦੀ ਹੈ। 2) ਕੁੜੀ ਲੜ ਰਹੀ ਹੈ। 3) ਹਿਰਨੀ ਦੌੜਦੀ ਹੈ। 4) ਸ਼ੇਰਨੀ ਦਹਾੜਦੀ ਹੈ ।

**ੲ) ਦੱਸੇ ਅਨੁਸਾਰ ਵਾਕ ਬਣਾਓ :** ਆਪਣੇ ਆਪ ਕਰੋ :

## ਤੁਹਾਡੀ ਕਲਮ ਤੋਂ :

**ਸ) ਆਪਣੀ ਵਿਦੇਸ਼ ਯਾਤਰਾ ਜਾਂ ਪਹਾੜਾਂ ਦੀ ਸੈਰ ਬਾਰੇ ਪੰਜ ਵਾਕ ਲਿਖੋ :** ਆਪਣੇ ਆਪ ਲਿਖੋ।

**ਹ) ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ:** ਆਪਣੇ ਆਪ ਕਰੋ।

# ਪਾਠ – 15 : ਕਰ ਭਲ਼ਾ ਹੋ ਭਲ਼ਾ

## ਨਵੇਂ ਸ਼ਬਦ

| | | | | |
|---|---|---|---|---|
| 1. ਦਰਖ਼ਤ | 2. ਨੱਚਣ-ਟੱਪਣ | 3. ਨੀਂਦ | 4. ਗਰਜਦਾ | 5. ਖ਼ਰਾਬ |
| 6. ਗ਼ਲਤੀ | 7. ਹੱਸਦਾ | 8. ਰੱਸੀਆਂ | 9. ਸ਼ਿਕਾਰੀ | 10. ਅਵਾਜ਼ |
| 11. ਉੱਪਰ | 12. ਕ੍ਰਿਸ਼ਮਾ | 13. ਰੌਲਾ | 14. ਨਿੱਕੀ | 15. ਧੰਨਵਾਦ |

## ਸ਼ਬਦ – ਅਰਥ

1. ਚਿੱਲਾਉਣਾ = ਚੀਕਣਾ  2. ਕ੍ਰਿਸ਼ਮਾ = ਚਮਤਕਾਰ  3. ਅੱਖਾਂ ਖੁੱਲ੍ਹ ਜਾਣਾ = ਸਮਝ ਆ ਜਾਣਾ
4. ਮੌਕਾ = ਸਮਾਂ  5. ਭਲ਼ਾ = ਨੇਕੀ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

## ੲ. ਪ੍ਰਸ਼ਨ – ਉੱਤਰ :

**ਪ੍ਰ1. ਚੂਹੀ ਸ਼ੇਰ ਤੇ ਚੜ੍ਹ ਕੇ ਕੀ ਕਰਨ ਲੱਗੀ?**
ਉ. ਚੂਹੀ ਸ਼ੇਰ ਤੇ ਚੜ੍ਹ ਕੇ ਨੱਚਣ-ਟੱਪਣ ਲੱਗੀ।

**ਪ੍ਰ2. ਚੂਹੀ ਸ਼ੇਰ ਕੋਲ਼ੋ ਕੀ ਮੰਗ ਕੇ ਛੁੱਟੀ?**
ਉ. ਚੂਹੀ ਸ਼ੇਰ ਤੋਂ ਮੁਆਫ਼ੀ ਮੰਗ ਕੇ ਛੁੱਟੀ।

**ਪ੍ਰ3. ਸ਼ੇਰ ਕਿਹੜੀ ਮੁਸੀਬਤ ਵਿੱਚ ਫਸ ਗਿਆ ਸੀ?**
ਉ. ਸ਼ੇਰ ਸ਼ਿਕਾਰੀ ਦੇ ਜਾਲ਼ ਵਿੱਚ ਫਸ ਗਿਆ ਸੀ ।

**ਪ੍ਰ.4 ਚੂਹੀ ਨੇ ਕੀ ਕਰ ਕੇ ਸ਼ੇਰ ਨੂੰ ਅਜ਼ਾਦ ਕਰਵਾਇਆ?**
ਉ. ਚੂਹੀ ਨੇ ਜਾਲ਼ ਦੀਆਂ ਰੱਸੀਆਂ ਕੱਟ ਕੇ ਸ਼ੇਰ ਨੂੰ ਅਜ਼ਾਦ ਕਰਵਾਇਆ।

## ਪੁਸਤਕ ਅਭਿਆਸ : (ਪੰਨਾ ਨੰ. 92 – 95)

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਦਰਖ਼ਤ ਦੇ ਥੱਲੇ  2) ਸ਼ੇਰ 'ਤੇ ਟੱਪ ਕੇ  3) ਪੰਜਿਆਂ ਵਿੱਚ  4) ਜਾਲ਼ ਵਿੱਚ

**ਸ) ਖ਼ਾਲੀ ਥਾਵਾਂ ਭਰੋ:** 1. ਨੀਂਦ  2. ਮਿੰਨਤਾਂ  3. ਜਾਲ਼  4. ਧੰਨਵਾਦ

**ਹ) ਕਿਸ ਨੇ ਕਿਸ ਨੂੰ ਕਹੇ** 1. ਚੂਹੀ ਨੇ, ਸ਼ੇਰ ਨੂੰ 2. ਸ਼ੇਰ ਨੇ , ਚੂਹੀ ਨੂੰ

## ਸ਼ਬਦਾਂ ਨਾਲ ਖੇਡੋ:

**ੳ) ਵਾਕਾਂ ਵਿੱਚ ਵਰਤੋਂ:** ਆਪਣੇ ਆਪ ਕਰੋ।

## ਵਿਆਕਰਨ:

**ਅ) ਵਚਨ ਬਦਲੀ ਕਰੋ :** 1) ਚੂਹੀਆਂ ਦੌੜ ਰਹੀਆਂ ਹਨ।  2) ਚਿੜੀਆਂ ਬੈਠੀਆਂ ਹਨ।
3) ਦਾਦੇ ਨਹਾਉਂਦੇ ਹਨ।  4) ਸ਼ੇਰਾਂ ਨੇ ਰੌਲਾ ਪਾਇਆ
5) ਰੱਸੀਆਂ ਟੁੱਟ ਗਈਆਂ ਹਨ।

**ੲ. ਸ਼ੁੱਧ- ਅਸ਼ੁੱਧ :** 1. ਥੱਲੇ  2. ਛੱਡ  3. ਮੌਕਾ  4. ਰੌਲ਼ਾ  5. ਸ਼ਰਮਿੰਦਾ

## ਤੁਹਾਡੀ ਕਲਮ ਤੋਂ :

**ਸ) ਸਾਹਮਣੇ ਦਿੱਤੇ ਚਿੱਤਰ ਨੂੰ ਦੇਖੋ ਅਤੇ ਅਧਿਆਪਕ ਕੋਲੋਂ ਚਲਾਕ ਲੂੰਬੜੀ ਦੀ ਕਹਾਣੀ ਸੁਣੋ ਤੇ ਲਿਖੋ :** ਆਪਣੇ ਆਪ ਲਿਖੋ।

**ਹ) ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ:** ਆਪਣੇ ਆਪ ਕਰੋ।

**ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ ਪੱਤਰ ਲਿਖੋ।**

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਮਦਰ ਟੀਚਰ ਸਕੂਲ,
ਬਰਨਾਲਾ।

ਵਿਸ਼ਾ : - ਜੁਰਮਾਨਾ ਮੁਆਫ਼ੀ ਲਈ ਬਿਨੈ ਪੱਤਰ

ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ ਕੱਲ੍ਹ ਗਰਾਊਂਡ ਵਿੱਚ ਖੇਡ ਰਿਹਾ/ ਰਹੀ ਸੀ। ਅਚਾਨਕ ਗੇਂਦ ਖਿੜਕੀ ਦੇ ਸ਼ੀਸ਼ੇ ਵਿੱਚ ਵੱਜਣ ਨਾਲ ਸ਼ੀਸ਼ਾ ਟੁੱਟ ਗਿਆ। ਸਾਡੇ ਅਧਿਆਪਕ ਨੇ ਮੈਨੂੰ 50 ਰੁਪਏ ਜੁਰਮਾਨਾ ਕਰ ਦਿੱਤਾ ਹੈ। ਮੈਂ ਆਪਣੀ ਗ਼ਲਤੀ ਮੰਨਦਾ / ਮੰਨਦੀ ਹਾਂ। ਇਹ ਮੇਰੀ ਪਹਿਲੀ ਗ਼ਲਤੀ ਹੈ। ਕਿਰਪਾ ਕਰਕੇ ਮੇਰਾ ਜੁਰਮਾਨਾ ਮੁਆਫ਼ ਕਰ ਦਿਉ।

ਧੰਨਵਾਦ ਸਹਿਤ।

ਆਪ ਜੀ ਦਾ / ਦੀ ਆਗਿਆਕਾਰੀ,
ਨਾਮ : ____________________,
ਰੋਲ ਨੰਬਰ : __________,
ਜਮਾਤ : ਤੀਸਰੀ।

ਮਿਤੀ : ____________________

**ਮਿੱਤਰ / ਸਹੇਲੀ ਨੂੰ ਪਾਸ ਹੋਣ ਤੇ ਵਧਾਈ ਪੱਤਰ ਲਿਖੋ।**

ਪ੍ਰੀਖਿਆ ਭਵਨ,
ਬਰਨਾਲਾ।
ਮਿਤੀ : __________

ਪਿਆਰੇ ਮਿੱਤਰ ________ / ਪਿਆਰੀ ਸਹੇਲੀ ______________,

ਸਤਿ ਸ਼੍ਰੀ ਅਕਾਲ।

ਅੱਜ ਹੀ ਮਾਤਾ ਜੀ ਦਾ ਪੱਤਰ ਮਿਲਿਆ ਜਿਸ ਨੂੰ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ ਕਿ ਤੂੰ ਇਸ ਵਾਰ ਆਪਣੀ ਜਮਾਤ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਗਿਆ / ਗਈ ਹੈ।ਇਹ ਸਭ ਤੇਰੀ ਸਖ਼ਤ ਮਿਹਨਤ ਦਾ ਨਤੀਜਾ ਹੈ। ਮੈਂ ਤੇਰੀ ਸਫ਼ਲਤਾ ਉੱਤੇ ਤੈਨੂੰ ਬਹੁਤ ਵਧਾਈ ਦਿੰਦਾ / ਦਿੰਦੀ ਹਾਂ। ਉਮੀਦ ਹੈ ਕਿ ਤੂੰ ਅੱਗੇ ਵੀ ਇਸ ਤਰ੍ਹਾਂ ਹੀ ਮਿਹਨਤ ਕਰੇਂਗਾ / ਕਰੇਂਗੀ।

ਤੇਰੇ ਮਾਤਾ-ਪਿਤਾ ਨੂੰ ਬਹੁਤ-ਬਹੁਤ ਵਧਾਈ।

ਤੇਰਾ ਮਿੱਤਰ / ਤੇਰੀ ਸਹੇਲੀ,
________________ । (ਨਾਮ)

## ਕਹਾਣੀ : ਲਾਲਚੀ ਕਿਸਾਨ

ਇੱਕ ਵਾਰ ਦੀ ਗੱਲ ਹੈ, ਇੱਕ ਕਿਸਾਨ ਮੁਰਗੀ ਖ਼ਰੀਦ ਕੇ ਲਿਆਇਆ। ਉਹ ਮੁਰਗੀ ਸੋਨੇ ਦੇ ਆਂਡੇ ਦਿੰਦੀ ਸੀ। ਸੋਨੇ ਦੇ ਆਂਡੇ ਦੇਖ ਕੇ ਕਿਸਾਨ ਦੇ ਦਿਲ ਵਿੱਚ ਲਾਲਚ ਆ ਗਿਆ। ਉਸ ਨੇ ਸੋਚਿਆ ਕਿ ਮੁਰਗੀ ਦੇ ਢਿੱਡ ਵਿੱਚ ਬਹੁਤ ਸਾਰੇ ਆਂਡੇ ਹੋਣਗੇ। ਉਹ ਸਾਰੇ ਆਂਡੇ ਇਕੱਠੇ ਪ੍ਰਾਪਤ ਕਰਕੇ ਇੱਕੋਂ ਵਾਰੀ ਵਿੱਚ ਅਮੀਰ ਬਣਨਾ ਚਾਹੁੰਦਾ ਸੀ। ਅਜਿਹਾ ਸੋਚਦੇ ਹੋਏ ਉਸਨੇ ਇੱਕ ਛੁਰੀ ਲਿਆ ਕੇ ਮੁਰਗੀ ਦਾ ਢਿੱਡ ਪਾੜ ਦਿੱਤਾ। ਖ਼ੂਨ ਤੋਂ ਇਲਾਵਾ ਕਿਸਾਨ ਨੂੰ ਕੁਝ ਵੀ ਪ੍ਰਾਪਤ ਨਹੀਂ ਹੋਇਆ। ਲਾਲਚੀ ਸੁਭਾਅ ਕਾਰਨ ਉਹ ਰੋਜ਼ ਦੇ ਇੱਕ ਆਂਡੇ ਤੋਂ ਵੀ ਹੱਥ ਧੋ ਬੈਠਾ ਸੀ।

**ਸਿੱਟਾ:- ਲਾਲਚ ਬੁਰੀ ਬਲਾ ਹੈ।**